**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲੋਂ,

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ
ਐਸ ਏ ਐਸ ਨਗਰ ।

ਵੱਲ,

ਸਮੂਹ ਸਕੂਲ ਮੁੱਖੀ / ਪ੍ਰਿੰਸੀਪਲ,
ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲ ਆਦਿ ।
ਪੱਤਰ ਨੰ:ਪਸਸਬ/ਲੇਟਰ ਸੈੱਟ/ਪ੍ਰੀ-ਬਾਰ੍ਹਵੀਂ/158 ਮਿਤੀ:25/02/2022

**ਵਿਸ਼ਾ: ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਸੈਸ਼ਨ-2021-22 (ਟਰਮ-1) ਦੀ ਪ੍ਰੀਖਿਆ ਦੇਣ ਤੋਂ ਰਹਿੰਦੇ /ਗੈਰ-ਹਾਜ਼ਰ ਰਹੇ ਪ੍ਰੀਖਿਆਰਥੀਆਂ ਦੀ ਮੁੜ ਪ੍ਰੀਖਿਆ ਸਬੰਧੀ ।**

2 ਵਿਸ਼ਾ ਅੰਕਿਤ ਮਾਮਲੇ ਸਬੰਧੀ ਸਮੂਹ ਸਰਕਾਰੀ, ਅਰਧ-ਸਰਕਾਰੀ, ਐਫੀਲੀਏਟਿਡ ਅਤੇ ਐਸੋਸੀਏਟਿਡ ਸਕੂਲਾਂ ਦੇ ਸਕੂਲ ਮੁੱਖੀਆਂ / ਪ੍ਰਿੰਸੀਪਲ ਨੂੰ ਦੱਸਿਆ ਜਾਂਦਾ ਹੈ ਕਿ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਸੈਸ਼ਨ-2021-22 ਵਿੱਚ ਜਿਨ੍ਹਾਂ ਪ੍ਰੀਖਿਆਰਥੀਆਂ ਨੂੰ ਟਰਮ-1 ਦੀ ਪ੍ਰੀਖਿਆ ਦੇ ਰੋਲ ਨੰਬਰ ਜਾਰੀ ਹੋਏ, ਪਰ ਵੱਖ-ਵੱਖ ਕਾਰਨਾਂ ਕਰਕੇ ਅਪੀਅਰ ਨਹੀਂ ਹੋ ਸਕੇ । ਅਜਿਹੇ ਪ੍ਰੀਖਿਆਰਥੀਆਂ ਦੀ ਮੁੜ ਪ੍ਰੀਖਿਆ ਦੀ ਫੀਸ ਆਨ ਲਾਈਨ ਪੋਰਟਲ ਰਾਹੀਂ ਮਿਤੀ:09/02/2022 ਤੋਂ 16/02/2022 ਤੱਕ, ਜਮ੍ਹਾਂ ਕਰਵਾਉਣ ਦਾ ਸਮਾਂ ਦਿੱਤਾ ਗਿਆ ਸੀ । ਪਰ ਹੁਣ ਵੀ ਜੇਕਰ ਕਿਸੇ ਪ੍ਰੀਖਿਆਰਥੀ ਦੀ ਫੀਸ ਭੇਜਣ ਤੋਂ ਰਹਿੰਦੀ ਹੈ,ਤਾਂ ਹੇਠ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ :-

2.1 ਉਕਤ ਦੇ ਸਬੰਧ ਵਿੱਚ ਸੈਸ਼ਨ 2021-22 (ਟਰਮ-1) ਦੀ ਮੁੜ ਪ੍ਰੀਖਿਆ ਦੀ ਨਿਰਧਾਰਿਤ ਫੀਸ ਕੀਤੀ ਗਈ ਹੈ, ਜੋ ਕਿ online portal ਰਾਹੀਂ ਪ੍ਰਾਪਤ ਕਰਨ ਲਈ ਮਿਤੀ:08/03/2022 ਤੱਕ, ਸਮੇਂ ਵਿੱਚ ਵਾਧਾ ਕੀਤਾ ਜਾਂਦਾ ਹੈ ।

| ਲੜੀ ਨੰ: | ਸ਼੍ਰੇਣੀ | ਫੀਸ |
|---|---|---|
| 1 | ਦਸਵੀਂ (ਰੈਗੂਲਰ) | 1200/- ਰੁਪਏ (ਪ੍ਰਤੀ ਪ੍ਰੀਖਿਆਰਥੀ) |
| 2 | ਬਾਰ੍ਹਵੀਂ (ਰੈਗੂਲਰ) | 1500/- ਰੁਪਏ (ਪ੍ਰਤੀ ਪ੍ਰੀਖਿਆਰਥੀ) |

2.2 ਉਪਰੋਕਤ ਦਰਸਾਈਆਂ ਮਿਤੀਆਂ ਤੋਂ ਬਾਅਦ ਕੋਈ ਵੀ ਬਿਨੈ-ਪੱਤਰ ਵਿਚਾਰਿਆਂ ਨਹੀਂ ਜਾਵੇਗਾ ।

2.3 ਜਿਹੜਾ ਪ੍ਰੀਖਿਆਰਥੀ ਸੈਸ਼ਨ 2021-22 ਦੀ ਟਰਮ-1 ਦੀ ਪ੍ਰੀਖਿਆ ਵਿੱਚ ਅਪੀਅਰ ਨਹੀਂ ਹੁੰਦਾ ,ਉਹ ਟਰਮ-2 ਦੀ ਪ੍ਰੀਖਿਆ ਲਈ ਯੋਗ ਨਹੀਂ ਹੋਵੇਗਾ ।

2.4 ਸੈਸ਼ਨ 2021-22 ਦੀ ਟਰਮ-1 ਦੀ ਪ੍ਰੀਖਿਆ ਦੇਣ ਤੋਂ ਰਹਿੰਦੇ/ਗੈਰ-ਹਾਜ਼ਰ ਪ੍ਰੀਖਿਆਰਥੀ ਨੂੰ ਮੁੜ ਪ੍ਰੀਖਿਆ ਸਬੰਧੀ ਸੂਚਿਤ ਕੀਤਾ ਜਾਵੇ,ਤਾਂ ਜੋ ਕੋਈ ਪ੍ਰੀਖਿਆਰਥੀ ਟਰਮ-1 ਦੀ ਪ੍ਰੀਖਿਆ ਦੇਣ ਤੋਂ ਰਹਿ ਨਾ ਜਾਵੇ।

2.5 ਜੇਕਰ ਮੁੜ ਪ੍ਰੀਖਿਆ ਦੀ ਫੀਸ ਪ੍ਰਾਪਤ ਨਹੀਂ ਹੁੰਦੀ ਅਤੇ ਪ੍ਰੀਖਿਆਰਥੀ ਟਰਮ-1 ਦੀ ਪ੍ਰੀਖਿਆ ਦੇਣ ਤੋਂ ਰਹਿ ਜਾਂਦਾ ਹੈ, ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤਾਂ ਦੀ ਹੋਵੇਗੀ ।

**ਜੇ.ਆਰ .ਮਹਿਰੋਕ**
**ਕੰਟਰੋਲਰ (ਪ੍ਰੀਖਿਆਵਾਂ)**